(This question paper contains 1 printed page)

Roll No.

Sl. No of Question Paper: 5192

Unique Paper Code: 212154 E

Name of the Paper: Punjabi Language A (Advance Punjabi)

Name of the Course: B. A. (Prog.)

Semester: I

Duration : 3 hrs Max Marks : 75

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਆਪਣੀ ਪਾਠ-ਪੁਸਤਕ 'ਨਵਦੀਪਿਕਾ' ਵਿਚ ਪੀਲੂ ਰਚਿਤ 'ਕਿੱਸਾ ਮਿਰਜ਼ਾਂ ਸਾਹਿਬਾਂ' ਦਾ ਸਾਰ ਅਪਾਣੇ ਸ਼ਬਦਾਂ ਵਿਚ ਲਿਖੋ। 15

ਜਾਂ

ਵਾਰਿਸ ਸ਼ਾਹ ਰਚਿਤ 'ਕਿੱਸਾ ਹੀਰ ਰਾਂਝਾ' ਦੀ ਕਹਾਣੀ ਨੂੰ ਆਪਣੇ ਸ਼ਬਦਾ ਵਿਚ ਲਿਖੋ।

2. ਹੇਠਾਂ ਲਿਖੇ ਕਾਵਿ-ਟੁੱਕੜਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

1) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
ਦੋਵੇਂ ਪਾਤਸ਼ਾਹੀਆਂ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉੱਡਣ
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ, ਇਹ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

2) ਜਦੋਂ ਜੰਮਿਆਂ ਰਾਜੇ ਨੂੰ ਖ਼ਬਰ ਹੋਈ
ਸੱਦ ਪੰਡਤਾਂ ਵੇਦ ਪੜ੍ਹਾਇਆ ਈ।
ਬਾਰ੍ਹਾਂ ਬਰਸ਼ ਨਾ ਰਾਜਿਆ ਮੂੰਹ ਲੱਗੀਂ
ਦੇਖ ਪੰਡਤਾਂ ਏਹ ਫ਼ਰਮਾਇਆ ਈ।
ਕਾਦਰਯਾਰ ਮੀਆਂ ਪੂਰਨ ਭਗਤ ਤਾਈਂ।
ਬਾਪ ਜੰਮਦਿਆਂ ਹੀ ਭੋਰੇ ਪਾਇਆ ਈ।

3. ''ਦਲੀਪ ਕੌਰ ਟਿਵਾਣਾ ਦੀ ਪੁਸਤਕ 'ਨੰਗੇ ਪੈਰਾਂ ਦਾ ਸਫ਼ਰ' ਲੇਖਿਕਾ ਦੇ ਜੀਵਨ-ਬਿਰਤਾਂਤ ਦੇ ਨਾਲ ਨਾਲ ਔਰਤ ਦੀ ਪੀੜਾ ਤੇ ਵਿਸ਼ਾਦ ਨੂੰ ਵੀ ਚਿਤਰਿਆ ਹੈ।'' ਚਰਚਾ ਕਰੋ। 15

ਜਾਂ

ਸਵੈ-ਜੀਵਨੀ ਤੋਂ ਕੀ ਭਾਵ ਹੈ, ਆਪਣੀ ਪਾਠ-ਪੁਸਤਕ 'ਨੰਗੇ ਪੈਰਾਂ ਦਾ ਸਫ਼ਰ'ਨੂੰ ਇਕ ਸਵੈ-ਜੀਵਨੀ ਦੇ ਤੌਰ 'ਤੇ ਪਰਖੋ।

4. 'ਨੰਗੇ ਪੈਰਾਂ ਦਾ ਸਫ਼ਰ' ਪੁਸਤਕ ਵਿਚ ਪੇਸ਼ ਵਹਿਮਾਂ-ਭਰਮਾਂ ਤੇ ਗ਼ਲਤ ਸਮਾਜਕ-ਕੀਮਤਾਂ ਬਾਰੇ ਵਿਸਤਾਰ ਨਾਲ ਲਿਖੋ। 10

5. ਹੇਠ ਲਿਖੇ ਅਖਾਣਾਂ ਵਿਚੋਂ ਕੋਈ ਪੰਜ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪੱਸ਼ਟ ਹੋ ਜਾਣ : 5
ਉਖਲੀ ਵਿਚ ਸਿਰ ਦਿੱਤਾ ਤੇ ਮੁਹਲਿਆਂ ਦਾ ਕੀ ਡਰ, ਜਿੰਨੀ ਗੌਡੀ ਉੱਨੀ ਡੋਡੀ, ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ, ਇਕ ਪੰਥ ਦੋ ਕਾਜ, ਗੋਂ ਭੁਨਾਵੇ ਜੌਂ, ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ।

6. 'ਮੂਲ ਸ਼ਬਦ' ਤੇ 'ਰਚਿਤ ਸ਼ਬਦ' ਦਾ ਅੰਤਰ ਉਦਾਹਰਣਾਂ ਸਹਿਤ ਸਪੱਸ਼ਟ ਕਰੋ। 10

7. ਆਪਣੇ ਕਾਲਜ ਵੱਲੋਂ ਹੋਏ ਸੈਮੀਨਾਰ ਦੀ ਰਿਪੋਰਟ ਤਿਆਰ ਕਰੋ।

ਜਾਂ

ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸਦਾ ਸਾਰ ਲਿਖ ਤੇ ਢੁੱਕਵਾਂ ਸਿਰਲੇਖ ਵੀ ਦਿਉ : 10
''ਮਨੁੱਖ ਜਾਤੀ ਤੇ ਪਸ਼ੂ ਜਾਤੀ ਵਿਚ ਫ਼ਰਕ ਕੇਵਲ ਇਹੀ ਹੈ ਕਿ ਵਾਹਿਗੁਰੂ ਨੇ ਮਨੁੱਖ ਜਾਤੀ ਨੂੰ ਵਿਚਾਰ-ਸ਼ਕਤੀ ਬਖ਼ਸ਼ੀ ਹੋਈ ਹੈ ਜੋ ਕਿ ਪਸ਼ੂਆਂ ਵਿਚ ਆਮ ਤੌਰ ਨਹੀਂ ਪਾਈ ਜਾਂਦੀ। ਮਨੁੱਖ ਵਿਚ ਇਹ ਸ਼ਕਤੀ ਹੈ ਕਿ ਉਹ ਆਪਣੇ ਕਰਮਾਂ ਸੰਬੰਧੀ ਵਿਚਾਰ ਕਰਦਾ ਹੈ, ਕਿ ਚੰਗੇ ਕਰਮਾਂ ਕਰਕੇ ਮੈਨੂੰ ਇਹ ਲਾਭ ਹੋਵੇਗਾ ਤੇ ਬੁਰੇ ਕਰਮਾਂ ਕਰਕੇ ਮੈਨੂੰ ਇਹ ਨੁਕਸਾਨ ਹੋਵੇਗਾ। ਮਨੁੱਖ ਆਪਣੀਆਂ ਹਰਕਤਾਂ ਦੇ ਅਸਰ ਨੂੰ ਭਲੀ ਭਾਂਤ ਅਨੁਭਵ ਕਰ ਸਕਦਾ ਹੈ ਕਿ ਕੌੜੇ ਬਚਨ, ਬੋਲਣ ਨਾਲ ਦੂਸਰੇ ਦਾ ਦਿਲ ਦੁਖੇਗਾ ਅਤੇ ਆਪਸ ਵਿਚ ਵਿਤਕਰਾ ਪੈਣ ਦਾ ਕਾਰਨ ਬਣਕੇ ਇਕ ਦੂਜੇ ਤੋਂ ਦੂਰ ਕਰ ਦੇਵੇਗਾ, ਜਿਥੇ ਕਿ ਮਿੱਠੀ ਬੋਲੀ ਦੋਹਾਂ ਨੂੰ ਇਕ ਦੂਜੇ ਦੇ ਨੇੜੇ ਲੈ ਜਾਵੇਗੀ। ਜੋ ਆਦਮੀ ਆਪਣੇ, ਨਿਤਾਪ੍ਰਤੀ ਜੀਵਨ ਵਿਚ ਅਜਿਹੇ ਵਿਚਾਰ ਅਨੁਸਾਰ ਵਿਚਰਦਾ ਹੈ ਉਸਨੂੰ ਸਭੱਯ ਕਿਹਾ ਜਾ ਸਕਦਾ ਹੈ ਅਤੇ ਜੋ ਸੋਚ ਵਿਚਾਰ ਤੋਂ ਕੰਮ ਨਾ ਲਵੇ, ਉਹ ਅਸਭੱਯ ਪੁਰਸ਼ ਹੈ। ਅਜਿਹੇ ਪੁਰਸ਼ ਤੇ ਪਸ਼ੂ ਵਿਚ ਕੋਈ ਭਿੰਨ ਭੇਦ ਨਹੀਂ, ਕੇਵਲ ਜਾਮੇ ਦਾ ਹੀ ਫਰਕ ਹੈ।''

ੴੴੴ